# **ਪ੍ਰੈਸ ਨੋਟ**

ਮਾਨਯੋਗ ਡਾਇਰੈਕਟਰ ਜਨਰਲ ਪੁਲਿਸ, ਪੰਜਾਬ ਚੰਡੀਗੜ੍ਹ ਜੀ ਅਤੇ ਮਾਨਯੋਗ ਡਿਪਟੀ ਇੰਸਪੈਕਟਰ ਜਨਰਲ ਪੁਲਿਸ, ਫਿਰੋਜ਼ਪੁਰ ਰੇਂਜ, ਫਿਰੋਜ਼ਪੁਰ ਜੀ ਵੱਲੋ ਜਾਰੀ ਹੁਕਮਾਂ ਮੁਤਾਬਿਕ ਮਾੜੇ ਅਨਸਰਾਂ ਅਤੇ ਡਰੱਗ ਸਮੱਗਲਰਾਂ ਖਿਲਾਫ ਵਿੱਡੀ ਗਈ ਵਿਸ਼ੇਸ਼ ਮੁਹਿੰਮ ਤਹਿਤ ਸ਼੍ਰੀ ਹਰਮਨਦੀਪ ਸਿੰਘ ਹਾਂਸ ਆਈ.ਪੀ.ਐਸ ਸੀਨੀਅਰ ਕਪਤਾਨ ਪੁਲਿਸ, ਫਿਰੋਜ਼ਪੁਰ ਜੀ ਵੱਲੋ ਦਿੱਤੇ ਗਏ ਦਿਸ਼ਾ ਨਿਰਦੇਸ਼ਾ ਤਹਿਤ ਨਸ਼ੇ ਵਿਰੁੱਧ ਚਲਾਏ ਗਏ ਸਪੈਸ਼ਲ ਅਭਿਆਨ ਤਹਿਤ ਜਿਲ੍ਹਾ ਫਿਰੋਜ਼ਪੁਰ ਦੇ ਸ਼੍ਰੀ ਯਾਦਵਿੰਦਰ ਸਿੰਘ ,ਪੀ.ਪੀ.ਐਸ ਡੀ.ਐਸ.ਪੀ(ਦਿਹਾਤੀ), ਮੁੱਖ ਅਫਸਰ ਤਲਵੰਡੀ ਭਾਈ, ਮੁੱਖ ਅਫਸਰ ਘੱਲਖੁਰਦ, ਮੁੱਖ ਅਫਸਰ ਕੁੱਲਗੜ੍ਹੀ ਅਤੇ ਮੁੱਖ ਅਫਸਰ ਮਮਦੋਟ ਸਮੇਤ 60 ਦੇ ਕਰੀਬ ਪੁਲਿਸ ਕਰਮਚਾਰੀਆਂ ਨੇ ਪਿੰਡ ਫਿਰੋਜ਼ਸ਼ਾਹ ਵਿੱਚ ਸਪੈਸ਼ਲ ਨਾਕਾਬੰਦੀ ਕਰਕੇ ਸੀਲ ਕਰਕੇ ਮਾੜੇ ਅਨਸਰਾਂ ਅਤੇ ਸ਼ੱਕੀ ਅਨਸਰਾਂ ਦੇ ਘਰ-ਘਰ ਦੀ ਤਲਾਸ਼ੀ ਕੀਤੀ ਗਈ।ਉਪਰੋਕਤ ਤਲਾਸ਼ੀਆਂ ਦੌਰਾਨ ਸ਼ੱਕੀ ਵਿਅਕਤੀਆਂ ਪਾਸੋ ਬਰੀਕੀ ਨਾਲ ਪੁੱਛ ਗਿੱਛ ਕਰਕੇ, ਉਹਨਾਂ ਨੂੰ ਸਮਝਾ ਕੇ ਵਾਰਨਿੰਗ ਦੇ ਕੇ ਅਤੇ ਤਾੜਨਾ ਕਰਕੇ ਫਾਰਗ ਕੀਤਾ ਗਿਆ।ਕਿਉਂਕਿ ਉਹਨਾਂ ਪਾਸੋ ਮੌਕਾ ਪਰ ਕੋਈ ਇਤਰਾਜ ਯੋਗ ਸਮੱਗਰੀ ਜਾਂ ਨਸ਼ੀਲੀ ਵਸਤੂ ਬਰਾਮਦ ਨਹੀ ਹੋਈ।